# ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ
(ਅਮਲਾ -7 ਸ਼ਾਖਾ)

ਵੱਲ

1) ਸਮੂਹ ਸਿਵਲ ਸਰਜਨ,
ਪੰਜਾਬ ਰਾਜ ।
2) ਪੰਜਾਬ ਰਾਜ ਦੇ ਸਮੂਹ ਮੈਡੀਕਲ ਸੁਪਰਡੰਟ ਸਮੇਤ ਈ.ਐਸ.ਆਈ. ਹਸਪਤਾਲ।
3) ਡਿਪਟੀ ਡਾਇਰੈਕਟਰ, ਮਲੇਰੀਆ, ਪੰਜਾਬ, ਚੰਡੀਗੜ੍ਹ ।
4) ਕੈਮਿਕਲ ਐਗਜਾਮੀਨਰ, ਖਰੜ ਜਿਲ੍ਹਾ ਮੁਹਾਲੀ ।
5) ਲੋਕ ਵਿਸਲੇਸ਼ਕ, ਪੰਜਾਬ ਚੰਡੀਗੜ੍ਹ।
6) ਬੈਕਟੀਰੀਆਲੋਜਿਸਟ, ਸਟੇਟ ਪਬਲਿਕ ਹੈਲਥ ਲਬਾਰਟਰੀ, ਪੰਜਾਬ, ਚੰਡੀਗੜ੍ਹ
7) ਜੋਨਲ ਮਲੇਰੀਆ ਅਸਫਰ, ਪਟਿਆਲਾ, ਜਲੰਧਰ ਅਤੇ ਫਿਰੋਜਪੁਰ,
8) ਪ੍ਰਿੰਸੀਪਲ ਮੈਡੀਕਲ ਅਫਸਰ, ਬੀ.ਬੀ.ਐਮ.ਬੀ. ਹਸਪਤਾਲ, ਨੰਗਲ, ਤਲਵਾੜਾ ਅਤੇ ਸੁੰਦਰਨਗਰ ।
9) ਸੀਨੀਅਰ ਮੈਡੀਕਲ ਅਸਫਰ ਇੰਚਾਰਜ਼ ਐਮ.ਐਲ.ਏ. ਹੋਸਟਲ ਡਿਸਪੈਂਸਰੀ, ਪੰਜਾਬ, ਚੰਡੀਗੜ੍ਹ
10) ਮੈਡੀਕਲ ਅਫਸਰ ਇੰਚਾਰਜ ਸਿਵਲ ਡਿਸਪੈਂਸਰੀ, ਪੰਜਾਬ ਭਵਨ , ਨਵੀਂ ਦਿੱਲੀ ।

ਮੀਮੋਂ ਨੰਬਰ ਈ7(5)ਪੰ:-2016/3219-66
ਮਿਤੀ, ਚੰਡੀਗੜ੍ਹ :- 14/9/16

ਵਿਸ਼ਾ :- ਮਿਤੀ 30-06-2016 ਦੀ ਸਥਿਤੀ ਅਨੁਸਾਰ ਐਮ.ਐਲ.ਟੀ. ਗ੍ਰੇਡ-1 ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਜਾਰੀ ਕਰਨ ਸਬੰਧੀ ।

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

ਸਿਹਤ ਵਿਭਾਗ ਅਧੀਨ ਕੰਮ ਕਰਦੇ ਮੈਡੀਕਲ ਲਬਾਰਟਰੀ ਟੈਕਨੀਸ਼ੀਅਨ ਗ੍ਰੇਡ-1 ਦੀ ਮਿਤੀ 30-06-2016 ਦੀ ਸਥਿਤੀ ਅਨੁਸਾਰ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ, ਜੋ ਨਾਲ ਨੱਥੀ ਕਰਕੇ ਆਪ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਕੰਮ ਕਰਦੇ ਸਮੂਹ ਮੈਡੀਕਲ ਲਬਾਰਟਰੀ ਟੈਕਨੀਸ਼ੀਅਨ ਗ੍ਰੇਡ-1 ਨੂੰ ਇਹ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਲਿਖਤੀ ਰੂਪ ਵਿੱਚ ਨੋਟ ਕਰਵਾ ਦਿੱਤੀ ਜਾਵੇ। ਜੇਕਰ ਇਸ ਪ੍ਰੋਵੀਜ਼ਨਲ ਸੀਨੀਆਰਤਾ ਸਬੰਧੀ ਕਿਸੇ ਕਰਮਚਾਰੀ ਨੂੰ ਇਤਰਾਜ ਹੋਵੇ ਤਾਂ ਉਸਦਾ ਇਤਰਾਜ ਲੋੜੀਂਦੇ ਸਬੂਤਾਂ/ਦਸਤਾਵੇਜਾਂ ਦੇ ਆਪਣੀ ਟਿੱਪਣੀ ਸਹਿਤ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜਿਆ ਜਾਵੇ।

ਉਕਤ ਤੋਂ ਇਲਾਵਾ ਇਸ ਪ੍ਰੋਵੀਜਨਲ ਸੀਨੀਆਰਤਾ ਸੂਚੀ ਵਿੱਚ ਆਪ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਦਰਸਾਏ ਗਏ ਵੇਰਵੇ ਆਪਣੇ ਪੱਧਰ ਤੇ ਵੀ ਚੈਕ/ਤਸਦੀਕ ਕੀਤੇ ਜਾਣ ਅਤੇ ਖਾਸ ਤੌਰ ਤੇ ਇਹ ਚੈਕ ਕੀਤਾ ਜਾਵੇ ਕਿ ਇਨ੍ਹਾਂ ਵਿੱਚੋਂ ਕੋਈ ਕਰਮਚਾਰੀ ਪਹਿਲਾਂ ਦਫਤਰ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਅਧੀਨ ਤਾਂ ਕੰਮ ਨਹੀਂ ਕਰਦਾ ਸੀ, ਜੇਕਰ ਕਰਦਾ ਸੀ ਤਾਂ ਉਸਨੇ ਕਿਸ ਮਿਤੀ ਨੂੰ ਆਪਣੀ ਡੀ.ਆਰ.ਐਮ.ਈ. ਦੀ ਸੀਨੀਆਰਤਾ ਛੱਡਣ ਉਪਰੰਤ ਸਿਹਤ ਵਿਭਾਗ ਅਧੀਨ ਡਿਊਟੀ ਜੁਆਇੰਨ ਕੀਤੀ ਸੀ। ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਵਿੱਚ ਦਰਸਾਏ ਸਾਰੇ ਵੇਰਵੇ ਚੈਕ ਕਰਨ ਉਪਰੰਤ ਜੇਕਰ ਕੋਈ ਖਾਮ੍ਹੀ ਜਾਂ ਤਰੁੱਟੀ ਪਾਈ ਜਾਂਦੀ ਹੈ ਤਾਂ ਮੁੰਕਮਲ ਵੇਰਵਿਆ ਸਹਿਤ ਸੂਚਨਾਂ ਇਸ ਦਫਤਰ ਨੂੰ ਭੇਜੀ ਜਾਵੇ। ਜੇਕਰ ਕੋਈ ਖਾਮ੍ਹੀ ਨਹੀਂ ਵੀ ਪਾਈ ਜਾਂਦੀ ਹੈ ਤਾਂ ਸੀਨੀਆਰਤਾ ਵਿੱਚ ਦਰਸਾਏ ਵੇਰਵੇ ਦਰੁਸਤ ਹੋਣ ਸਬੰਧੀ ਵੀ ਇਸ ਦਫਤਰ ਨੂੰ ਸੂਚਨਾਂ/ਰਿਪੋਰਟ ਭੇਜੀ ਜਾਵੇ।

Scanned by CamScanner

ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਇਤਰਾਜਾ ਨੂੰ ਵਿਚਾਰਿਆ ਨਹੀਂ ਜਾਵੇਗਾ। ਮਿਥੇ ਸਮੇਂ ਦੇ ਅੰਦਰ ਅੰਦਰ ਸਬੰਧਤ ਕਰਮਚਾਰੀਆਂ ਨੂੰ ਇਹ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਨੋਟ ਨਾ ਕਰਵਾਉਣ ਅਤੇ ਕਿਸੇ ਕਰਮਚਾਰੀ ਦਾ ਇਤਰਾਜ ਸਮੇਂ ਸਿਰ ਇਸ ਦਫਤਰ ਨੂੰ ਨਾ ਭੇਜਣ ਦੀ ਮੁਕੰਮਲ ਜਿੰਮੇਵਾਰੀ ਆਪ ਦੇ ਦਫਤਰ ਦੀ ਹੋਵੇਗੀ ।

ਨੱਥੀ:- ਉਕਤ ਅਨੁਸਾਰ

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ

14/9/16

ਪਿੱਠ ਅੰਕਣ ਨੰ: ਈ7(5)ਪੰ:-2016/ 3067-68    ਮਿਤੀ, ਚੰਡੀਗੜ੍ਹ 14/9/16

ਉਤਾਰਾ :-

1 ਡਾਇਰੈਕਟਰ, ਸਿਹਤ ਸੇਵਾਂਵਾਂ (ਸਬ), ਪੰਜਾਬ ਨੂੰ ਸਮੇਤ ਐਮ.ਐਲ.ਟੀ. ਗ੍ਰੇਡ-1 ਦੀ ਪ੍ਰੋਵਜੀਨਲ ਸੀਨੀਆਰਤਾ ਸੂਚੀ ਦੀ ਕਾਪੀ ਦੇ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

2 ਸਿਸਟਮ ਐਨਾਲਿਸਟ ਦਫਤਰ ਡੀ.ਐਚ.ਐਚ. ਪੰਜਾਬ ਨੂੰ ਸਮੇਤ ਐਮ.ਐਲ.ਟੀ. ਗ੍ਰੇਡ-1 ਦੀ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਦੇ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਸਨੂੰ ਵਿਭਾਗ ਦੀ ਸਾਈਟ ਤੇ ਤੁਰੰਤ ਅਪਲੋਡ ਕੀਤਾ ਜਾਵੇ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ

14/9/16

Scanned by CamScanner